## ਮੈਂ ਉਪਰੋਕਤ ਸੂਚੀਬੱਧ ਸਮੂਹਾਂ ਵਿੱਚੋਂ ਇੱਕ ਵਿੱਚ ਹਾਂ, ਮੈਨੂੰ ਉਡੀਕ ਕਿਉਂ ਕਰਨੀ ਪਵੇਗੀ?

ਜਿਵੇਂ-ਜਿਵੇਂ ਕੋਵਿਡ-19 ਟੀਕਿਆਂ ਨੂੰ ਵਰਤੋਂ ਲਈ ਪ੍ਰਵਾਨੀ ਦਿੱਤੀ ਜਾਂਦੀ ਹੈ ਅਤੇ ਹਰੇਕ ਬੈਚ ਦਾ ਨਿਰਮਾਣ ਕੀਤਾ ਜਾਂਦਾ ਹੈ, ਇਹ ਉਪਲਬਧ ਹੋ ਜਾਣਗੇ।

ਇਸ ਲਈ ਸਭ ਤੋਂ ਵੱਧ ਜੋਖਮ ਵਾਲੇ ਲੋਕਾਂ ਨੂੰ ਬਚਾਉਣ ਲਈ ਹਰ ਖੁਰਾਕ ਦੀ ਲੋੜ ਹੁੰਦੀ ਹੈ। ਜਿਵੇਂ ਹੀ ਲੋੜੀਂਦੀ ਮਾਤਰਾ ਵਿੱਚ ਟੀਕਾ ਉਪਲਬਧ ਹੋਵੇਗਾ ਤੁਹਾਨੂੰ ਬੁਲਾਇਆ ਜਾਵੇਗਾ।

ਕੁਝ ਲੋਕ ਜੋ ਘਰ ਦੇ ਅੰਦਰ ਰਹਿ ਰਹੇ ਹਨ ਜਾਂ ਕੇਅਰ ਹੋਮਾਂ ਵਿੱਚ ਰਹਿੰਦੇ ਹਨ ਅਤੇ ਜੋ ਸਥਾਨਕ ਟੀਕਾਕਰਣ ਕੇਂਦਰ ਵਿੱਚ ਨਹੀਂ ਜਾ ਸਕਦੇ ਉਨ੍ਹਾਂ ਨੂੰ ਸਹੀ ਕਿਸਮ ਦੇ ਟੀਕੇ ਦੀ ਦਸਪਲਾਈ ਲਈ ਇੰਤਜ਼ਾਰ ਕਰਨਾ ਪੈ ਸਕਦਾ ਹੈ। ਇਹ ਇਸ ਲਈ ਹੈ ਕਿਉਂਕਿ ਸਿਰਫ ਕੁਝ ਟੀਕਿਆਂ ਨੂੰ ਹੀ ਲੋਕਾਂ ਦੇ ਘਰਾਂ ਦੇ ਵਿਚਕਾਰ ਲਿਜਾਇਆ ਜਾ ਸਕਦਾ ਹੈ।

## ਮੈਂ ਆਪਣਾ ਕੋਵਿਡ-19 ਟੀਕਾਕਰਣ ਕਿੱਥੋਂ ਲਗਵਾ ਸਕਦਾ/ਸਕਦੀ ਹਾਂ?

ਟੀਕੇ ਕਈ ਸਥਾਨਾਂ 'ਤੇ ਲਗਾਏ ਜਾਣਗੇ। ਕੁਝ ਟੀਕਾਕਰਣ ਟੀਮਾਂ ਵੈਕਸੀਨ ਦੀ ਪੇਸ਼ਕਸ਼ ਕਰਨ ਲਈ ਲੋਕਾਂ ਦੇ ਘਰ ਜਾਣਗੀਆਂ, ਉਦਾਹਰਨ ਵਜੋਂ ਕੇਅਰ ਹੋਮਾਂ ਵਿੱਚ, ਦੂਜੇ ਲੋਕਾਂ ਨੂੰ ਨੇੜਲੇ ਕੇਂਦਰ ਵਿੱਚ ਜਾਣਾ ਪੈ ਸਕਦਾ ਹੈ। ਕਿਉਂਕਿ ਕੁਝ ਟੀਕਿਆਂ ਨੂੰ ਬਹੁਤ ਘੱਟ ਤਾਪਮਾਨ 'ਤੇ ਫ੍ਰੀਜ਼ਰ ਵਿੱਚ ਰੱਖਣਾ ਪੈਂਦਾ ਹੈ, ਹੋ ਸਕਤਾ ਹੈ ਤੁਸੀਂ ਆਪਣੀ ਜੀਪੀ ਦੀ ਸਰਜਰੀ ਵਿੱਚ ਟੀਕਾ ਨਾ ਲਗਵਾ ਸਕੋ।

## ਮੈਨੂੰ ਜਿਸ ਕੇਂਦਰ ਦੀ ਪੇਸ਼ਕਸ਼ ਕੀਤੀ ਜਾਂਦੀ ਹੈ ਜੇ ਉਸ ਤੱਕ ਪਹੁੰਚਣਾ ਅਸਾਨ ਨਹੀਂ ਹੈ ਤਾਂ ਕੀ ਹੋਵੇਗਾ?

ਕਿਰਪਾ ਕਰਕੇ ਉਸ ਟੀਕਾਕਰਣ ਕੇਂਦਰ 'ਤੇ ਜਾਣ ਦੀ ਕੋਸ਼ਿਸ਼ ਕਰੋ ਜਿਸ ਦੀ ਤੁਹਾਨੂੰ ਪੇਸ਼ਕਸ਼ ਕੀਤੀ ਜਾਂਦੀ ਹੈ। ਜੇ ਤੁਸੀਂ ਉਸ ਕੇਂਦਰ ਵਿੱਚ ਨਹੀਂ ਜਾ ਸਕਦੇ ਤਾਂ ਤੁਹਾਨੂੰ ਵਧੇਰੇ ਸੁਵਿਧਾਜਨਕ ਸਥਾਨ 'ਤੇ ਟੀਕਾ ਲਗਵਾਉਣ ਲਈ ਇੰਤਜ਼ਾਰ ਕਰਨਾ ਪੈ ਸਕਦਾ ਹੈ।

## ਕੀ ਮੈਂ ਕੋਵਿਡ-19 ਟੀਕੇ ਲਈ ਪ੍ਰਾਈਵੇਟ ਤੌਰ 'ਤੇ ਜਾਂ ਕਿਸੇ ਫਾਰਮੇਸੀ ਵਿੱਚ ਭੁਗਤਾਨ ਕਰ ਸਕਦਾ/ ਸਕਦੀ ਹਾਂ?

ਨਹੀਂ, ਕੋਵਿਡ-19 ਟੀਕਾਕਰਣ ਸਿਰਫ ਯੋਗ ਸਮੂਹਾਂ ਨੂੰ NHS ਦੁਆਰਾ ਉਪਲਬਧ ਹੈ ਅਤੇ ਇਹ ਇੱਕ ਮੁਫਤ ਟੀਕਾਕਰਣ ਹੈ।

**Coronavirus Yellow Card (ਕੋਰੋਨਾਵਾਇਰਸ ਯੈਲੋ ਕਾਰਡ) ਦੀ ਭਾਲ ਕਰਕੇ, ਸੰਭਾਵੀ ਮਾੜੇ ਪ੍ਰਭਾਵਾਂ ਸਮੇਤ ਆਪਣੇ ਟੀਕੇ ਬਾਰੇ ਵਧੇਰੇ ਵੇਰਵਿਆਂ ਲਈ ਕਿਰਪਾ ਕਰਕੇ ਉਤਪਾਦ ਜਾਣਕਾਰੀ ਕਿਤਾਬਚਾ ਪੜ੍ਹੋ।**

**ਤੁਸੀਂ ਉਸੇ ਵੈੱਬਸਾਈਟ 'ਤੇ ਜਾਂ Yellow Card ਐਪ ਨੂੰ ਡਾਊਨਲੋਡ ਕਰਕੇ ਵੀ ਸ਼ੱਕੀ ਮਾੜੇ ਪ੍ਰਭਾਵਾਂ ਦੀ ਰਿਪੋਰਟ ਕਰ ਸਕਦੇ ਹੋ।**

coronavirus-yellowcard.mhra.gov.uk

ਟੀਕਾਕਰਣ, ਸਭ ਤੋਂ ਕਮਜ਼ੋਰ ਲੋਕਾਂ ਦੀ ਰੱਖਿਆ ਵਿੱਚ ਮਦਦ ਕਰਨੀ।

ਜੇ ਤੁਹਾਨੂੰ ਕੋਵਿਡ-19 ਟੀਕਾਕਰਣ ਬਾਰੇ ਜ਼ਿਆਦਾ ਜਾਣਕਾਰੀ ਦੀ ਲੋੜ ਹੈ ਤਾਂ ਕਿਰਪਾ ਕਰਕੇ ਦੇਖੋ:
www.nhs.uk/covidvaccination

© ਕ੍ਰਾਉਨ ਕਾਪੀਰਾਈਟ 2020.
COV2020308V2PA 5M 1p JAN (APS) 2021
ਪਬਲਿਕ ਹੈਲਥ ਇੰਗਲੈਂਡ ਗੇਟਵੇ ਨੰਬਰ: 2020497

ਤੁਸੀਂ www.healthpublications.gov.uk ਤੋਂ ਇਹ ਹੋਰ ਮੁਫਤ ਪਰਚੇ ਮੰਗਵਾ ਸਕਦੇ ਹੋ



Public Health England

NHS

# ਕੋਵਿਡ-19 ਟੀਕਾਕਰਣ

# ਮੈਨੂੰ ਉਡੀਕ ਕਿਉਂ ਕਰਨੀ ਪਵੇਗੀ



## ਕੋਵਿਡ-19 ਟੀਕਾਕਰਣ ਸਪਲਾਈਆਂ ਬਾਰੇ ਜਾਣਕਾਰੀ

COVID-19 ਟੀਕਾਕਰਣ
ਆਪਣੀ ਰੱਖਿਆ ਕਰੋ।

Withdrawn June 2021

# ਕੋਵਿਡ-19 ਦੀਆਂ ਜਟਿਲਤਾਵਾਂ ਤੋਂ ਸਭ ਤੋਂ ਵੱਧ ਜੋਖਮ ਵਾਲੇ ਲੋਕਾਂ ਨੂੰ ਪਹਿਲਾਂ ਟੀਕਾ ਪੇਸ਼ ਕੀਤਾ ਜਾ ਰਿਹਾ ਹੈ।

**ਯੂਕੇ ਵਿੱਚ, ਦੋ ਮਨਜ਼ੂਰਸ਼ੁਦਾ ਕੋਵਿਡ-19 ਟੀਕੇ ਹਨ। ਲੰਬੇ ਸਮੇਂ ਤੱਕ ਰਹਿਣ ਵਾਲੀ ਸੁਰੱਖਿਆ ਪ੍ਰਦਾਨ ਕਰਨ ਲਈ ਉਹਨਾਂ ਦੋਵਾਂ ਨੂੰ ਦੋ ਖੁਰਾਕਾਂ ਦੀ ਲੋੜ ਹੁੰਦੀ ਹੈ। ਕਲੀਨਿਕਲ ਪਰਖਾਂ ਵਿੱਚ ਦੇਖਿਆ ਗਿਆ ਹੈ ਕਿ ਦੋਵੇਂ ਪ੍ਰਭਾਵੀ ਹਨ ਅਤੇ ਦੋਵਾਂ ਦਾ ਵਧੀਆ ਸੁਰੱਖਿਆ ਰਿਕਾਰਡ ਹੈ।**

**ਮਾਹਰਾਂ ਦੇ ਇੱਕ ਸੁਤੰਤਰ ਦੇ ਸਮੂਹ ਨੇ ਸਿਫਾਰਸ਼ ਕੀਤੀ ਹੈ ਕਿ NHS ਇਹ ਟੀਕਾ ਪਹਿਲਾਂ ਉਹਨਾਂ ਲੋਕਾਂ ਨੂੰ ਪੇਸ਼ ਕਰੇ ਜਿਨ੍ਹਾਂ ਨੂੰ ਬਿਮਾਰੀ ਹੋਣ ਅਤੇ ਗੰਭੀਰ ਪੇਚੀਦਗੀਆਂ ਦਾ ਸਾਹਮਣਾ ਕਰਨ ਜਾਂ ਕੋਵਿਡ-19 ਕਰਕੇ ਮੌਤ ਹੋਣ ਦਾ ਸਭ ਤੋਂ ਵੱਧ ਜੋਖਮ ਹੈ। ਇਸ ਵਿੱਚ ਕੇਅਰ ਹੋਮਾਂ ਵਿੱਚ ਬਜ਼ੁਰਗ ਬਾਲਗ ਅਤੇ ਅਗਲੀ ਕਤਾਰ ਦੇ ਸਿਹਤ ਅਤੇ ਸਮਾਜਕ ਦੇਖਭਾਲ ਵਰਕਰ ਸ਼ਾਮਲ ਹਨ।**

**ਹੋਰ ਟੀਕਾ ਉਪਲਬਧ ਹੋ ਜਾਣ 'ਤੇ, ਟੀਕਾ ਜਿੰਨਾ ਜਲਦੀ ਸੰਭਵ ਹੋ ਸਕੇ ਜੋਖਮ ਵਾਲੇ ਹੋਰ ਲੋਕਾਂ ਨੂੰ ਪੇਸ਼ ਕੀਤਾ ਜਾਵੇਗਾ।**

## ਜਦੋਂ ਟੀਕੇ ਦੀ ਪੇਸ਼ਕਸ਼ ਕੀਤੀ ਜਾਂਦੀ ਹੈ ਤਾਂ ਤੁਹਾਨੂੰ ਇਹ ਲਗਵਾਉਣਾ ਚਾਹੀਦਾ ਹੈ, ਜੇ ਤੁਸੀਂ:

**ਵੱਡੇ ਬਾਲਗਾਂ ਲਈ ਕੇਅਰ ਹੋਮ ਵਿੱਚ ਰਹਿ ਰਹੇ ਹੋ**



**ਅਗਲੀ ਕਤਾਰ ਦੇ ਸਿਹਤ ਦੇਖਭਾਲ ਵਰਕਰ ਹੋ**



**ਅਗਲੀ ਕਤਾਰ ਦੇ ਸਮਾਜਕ ਦੇਖਭਾਲ ਵਰਕਰ ਹੋ**



**ਬਜ਼ੁਰਗ ਨਿਵਾਸੀਆਂ ਦੇ ਕੇਅਰ ਹੋਮ ਵਿੱਚ ਕੰਮ ਕਰਨ ਵਾਲੇ ਦੇਖਭਾਲਕਰਤਾ ਹੋ**



## ਫਿਰ ਟੀਕਾ ਉਮਰ ਦੇ ਕ੍ਰਮ ਵਿੱਚ ਇਹਨਾਂ ਨੂੰ ਦਿੱਤਾ ਜਾਏਗਾ:

- 80 ਸਾਲ ਤੋਂ ਵੱਧ ਉਮਰ ਦੇ ਵਿਅਕਤੀ
- 75 ਸਾਲ ਤੋਂ ਵੱਧ ਉਮਰ ਦੇ ਵਿਅਕਤੀ
- 70 ਸਾਲ ਤੋਂ ਵੱਧ ਉਮਰ ਦੇ ਵਿਅਕਤੀ
- NHS ਦੀ ਸ਼ੀਲਡ ਕੀਤੇ ਮਰੀਜ਼ਾਂ ਦੀ ਸੂਚੀ ਵਿੱਚ ਬਾਲਗ
- 65 ਸਾਲ ਤੋਂ ਵੱਧ ਉਮਰ ਦੇ ਵਿਅਕਤੀ
- ਲੰਬੇ ਸਮੇਂ ਦੀਆਂ ਸਮੱਸਿਆਵਾਂ ਵਾਲੇ 65 ਸਾਲ ਤੋਂ ਘੱਟ ਉਮਰ ਦੇ ਬਾਲਗ (ਸੂਚੀ ਦੇਖੋ)।

50-64 ਸਾਲ ਦੀ ਉਮਰ ਵਾਲਿਆਂ ਨੂੰ ਇਹ ਬਾਅਦ ਵਿੱਚ ਪੇਸ਼ ਕੀਤਾ ਜਾਵੇਗਾ।

**ਕਿਰਪਾ ਕਰਕੇ ਆਪਣੀ ਵਾਰੀ ਦੀ ਉਡੀਕ ਕਰੋ। ਜੇ ਤੁਸੀਂ ਉਪਰੋਕਤ ਸਮੂਹਾਂ ਵਿੱਚ ਨਹੀਂ ਹੋ, ਤਾਂ ਤੁਹਾਨੂੰ ਵਧੇਰੇ ਸਪਲਾਈਆਂ ਉਪਲਬਧ ਹੋਣ ਤੱਕ ਕੋਵਿਡ-19 ਟੀਕਾਕਰਣ ਦੀ ਉਡੀਕ ਕਰਨੀ ਪਵੇਗੀ।**

**ਹੋਰ ਟੀਕਾ ਉਪਲਬਧ ਹੋਣ 'ਤੇ ਅਸੀਂ ਆਬਾਦੀ ਦੇ ਹੋਰ ਸਮੂਹਾਂ ਨੂੰ ਇਸ ਦੀ ਪੇਸ਼ਕਸ਼ ਕਰਾਂਗੇ।**

### ਡਾਕਟਰੀ ਸਮੱਸਿਆਵਾਂ ਦੀ ਸੂਚੀ:

- ਖੂਨ ਦਾ ਕੈਂਸਰ (ਜਿਵੇਂ ਕਿ ਲਿਊਕੀਮੀਆ, ਲਿੰਫੋਮਾ ਜਾਂ ਮਾਈਲੋਮਾ)
- ਡਾਇਬਿਟੀਜ਼ (ਸ਼ੱਕਰ ਰੋਗ)
- ਦਿਮਾਗੀ ਕਮਜ਼ੋਰੀ (ਡਿਮੈਂਸ਼ੀਆ)
- ਦਿਲ ਦੀ ਸਮੱਸਿਆ
- ਬ੍ਰੌਂਕਾਇਟਿਸ (ਸਾਹ ਨਲੀ ਦੀ ਸੋਜਿਸ਼), ਏਮਫ਼ੀਸੀਮਾ (ਫੇਫੜਿਆਂ ਦੀ ਬਿਮਾਰੀ) ਜਾਂ ਦਮੇ ਸਮੇਤ, ਛਾਤੀ ਦੀ ਸ਼ਿਕਾਇਤ ਜਾਂ ਸਾਹ ਲੈਣ ਵਿੱਚ ਮੁਸ਼ਕਲਾਂ
- ਗੁਰਦੇ ਦੀ ਬਿਮਾਰੀ
- ਲਿਵਰ (ਜਿਗਰ) ਦੀ ਬਿਮਾਰੀ
- ਬਿਮਾਰੀ ਜਾਂ ਇਲਾਜਾਂ (ਜਿਵੇਂ ਕਿ HIV ਇਨਫੈਕਸ਼ਨ, ਸਟੀਰੌਇਡ ਦਵਾਈਆਂ, ਕੀਮੋਥੈਰੇਪੀ ਜਾਂ ਰੇਡਿਓਥੈਰੇਪੀ) ਕਰਕੇ ਤੁਹਾਡੀ ਰੋਗਾਂ ਨਾਲ ਲੜਨ ਦੀ ਘਟੀ ਹੋਈ ਤਾਕਤ;
- ਰੂਮੇਟੋਇਡ ਆਰਥ੍ਰਾਇਟਿਸ (ਸੋਜ਼ਸ਼ ਵਾਲਾ ਗਠੀਆ), ਲੂਪਸ ਜਾਂ ਸੋਰਾਇਸਿਸ
- ਇਕ ਅੰਗ ਟ੍ਰਾਂਸਪਲਾਂਟ ਕਰਵਾਇਆ ਹੈ
- ਦਿਮਾਗ ਦਾ ਦੌਰਾ ਜਾਂ ਟਰਾਂਸੀਏਂਟ ਇਸਕੇਮਿਕ ਅਟੈਕ (TIA) ਹੋਇਆ ਸੀ
- ਤੁਹਾਨੂੰ ਕੋਈ ਤੰਤੂ ਸੰਬੰਧਿਤ ਜਾਂ ਮਾਸਪੇਸ਼ੀ ਖਰਾਬ ਹੋਣ ਦੀ ਸਮੱਸਿਆ ਹੈ
- ਇੱਕ ਗੰਭੀਰ ਜਾਂ ਡੂੰਘੀ ਸਿੱਖਣ ਸੰਬੰਧੀ ਅਸਮਰਥਤਾ ਹੈ
- ਤੁਹਾਡੀ ਤਿੱਲੀ ਨਾਲ ਕੋਈ ਸਮੱਸਿਆ - ਜਿਵੇਂ ਕਿ, ਸਿੱਕਲ ਸੈਲ ਰੋਗ ਜਾਂ ਤੁਹਾਡੀ ਤਿੱਲੀ ਨੂੰ ਹਟਾ ਦਿੱਤਾ ਗਿਆ ਹੈ
- ਗੰਭੀਰ ਰੂਪ ਵਿੱਚ ਬਹੁਤ ਜ਼ਿਆਦਾ ਭਾਰ (40 ਅਤੇ ਵੱਧ ਉਮਰ ਦਾ BMI)
- ਗੰਭੀਰ ਰੂਪ ਵਿੱਚ ਮਾਨਸਿਕ ਤੌਰ 'ਤੇ ਬਿਮਾਰ ਹੋ

### ਇਸ ਦੇ ਨਾਲ ਹੀ ਟੀਕਾ ਇਹਨਾਂ ਨੂੰ ਵੀ ਪੇਸ਼ ਕੀਤਾ ਜਾਏਗਾ:

- ਉਹ ਬਾਲਗ ਜੋ ਬਜ਼ੁਰਗ ਜਾਂ ਅਪਾਹਜ ਵਿਅਕਤੀਆਂ ਦੀ ਨਿਯਮਿਤ ਦੇਖਭਾਲ ਕਰਦੇ ਹਨ
- ਲੰਬੇ ਸਮੇਂ ਲਈ ਨਰਸਿੰਗ ਅਤੇ ਰਿਹਾਇਸ਼ੀ ਸਥਾਨਾਂ ਵਿੱਚ ਰਹਿ ਰਹੇ ਨੌਜਵਾਨ ਬਾਲਗ

Withdrawn June 2021